ਪੰਜਾਬ ਵਿਧਾਨ ਸਭਾ
ਬੁਲੇਟਿਨ ਨੰ. 6
ਸੋਮਵਾਰ, 26 ਮਾਰਚ, 2018
2.00 ਵਜੇ ਬਾਅਦ ਦੁਪਹਿਰ ਤੋਂ 7.17 ਵਜੇ ਸ਼ਾਮ ਤੱਕ

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 12 | 03 | – | 05 | 27 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 04

2. **ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ**

ਮਾਨਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੁਆਰਾ 26 ਮਾਰਚ, 2018 ਤੋਂ 27 ਮਾਰਚ, 2018 (ਪੂਰਵ ਦੁਪਹਿਰ) ਤੱਕ ਕੀਤੇ ਜਾਣ ਵਾਲੇ ਕੰਮ-ਕਾਰ ਸਬੰਧੀ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਸੰਸਦੀ ਮਾਮਲੇ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ :-

"ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

3. **ਮਤਾ**

ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਵਲੋਂ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

" ਕਿ ਇਹ ਸਦਨ ਮਾਨਯੋਗ ਸੁਪਰੀਮ ਕੋਰਟ ਵਲੋਂ Scheduled Castes and Scheduled Tribes (Prevention of Atrocities) Act, 1989 ਸੰਬੰਧੀ ਦਿੱਤੇ ਫੈਸਲੇ ਅਧੀਨ ਜੋ ਐਸ.ਸੀ/ਐਸ.ਟੀ ਲੋਕਾਂ ਨੂੰ ਭਾਰਤ ਦੇ ਸੰਵਿਧਾਨ ਅਧੀਨ ਦਿੱਤੇ ਗਏ ਅਧਿਕਾਰਾਂ ਦੀ ਰਖਵਾਲੀ ਦਾ ਹਨਨ ਹੋਇਆ ਹੈ, ਕੇਂਦਰ ਸਰਕਾਰ ਵਲੋਂ ਇਸ ਐਕਟ ਸੰਬੰਧੀ ਮਾਨਯੋਗ ਸੁਪਰੀਮ ਕੋਰਟ ਵਿੱਚ ਸਹੀ ਪੈਰਵੀ ਨਾ ਕਰਨ ਲਈ ਘੋਰ ਨਿੰਦਾ ਕਰਦਾ ਹੈ ਅਤੇ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਵਲੋਂ ਜਾਂ ਤਾਂ ਇਸ ਫੈਸਲੇ ਵਿਰੁੱਧ ਸਹੀ ਤਰੀਕੇ ਨਾਲ ਪੈਰਵੀ ਕਰਕੇ ਇਸ ਫੈਸਲੇ ਨੂੰ ਰੱਦ ਕਰਵਾਉਣ ਲਈ ਅਪੀਲ ਕੀਤੀ ਜਾਵੇ ਜਾਂ Scheduled Castes and Scheduled Tribes (Prevention of Atrocities) Act, 1989 ਵਿੱਚ ਬਣਦੀ ਸੋਧਨਾ ਕੀਤੀ ਜਾਵੇ, ਤਾਂ ਕਿ ਐਸ.ਸੀ/ਐਸ.ਟੀ ਲੋਕਾਂ ਦੇ ਹੱਕ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਰਹਿਣ।"

4. **ਧਿਆਨ ਦਿਵਾਊ ਨੋਟਿਸ**

1. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ ਦੁਆਰਾ ਰਾਜ ਸਰਕਾਰਾਂ ਦੁਆਰਾ ਕੇਂਦਰ ਸਰਕਾਰ ਨੂੰ ਆਰ.ਆਈ.ਐਸ.ਈ ਸਕੀਮ ਅਧੀਨ ਪ੍ਰਾਜੈਕਟ ਨਾ ਭੇਜਣ ਕਰਕੇ ਸਿੱਖਿਆ ਸਹੂਲਤਾਂ ਪ੍ਰਭਾਵਿਤ ਹੋਣ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 23)

ਰਾਜ ਮੰਤਰੀ, ਉਚੇਰੀ ਸਿੱਖਿਆ ਨੇ ਜਵਾਬ ਦਿੱਤਾ।

2. ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ, ਸ਼੍ਰੀ ਬੁੱਧ ਰਾਮ, ਐਮ.ਐਲ.ਏ ਅਤੇ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਐਮ.ਐਲ.ਏ ਦੁਆਰਾ ਪਿੰਡਾਂ ਅਤੇ ਕਸਬਿਆਂ ਦੀ ਹਦੂਦ ਤੋਂ ਬਾਹਰ ਬਣੇ ਹੱਡਾ ਰੋੜੀ ਸਥਾਨ ਬਦਲਣ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 25)

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਨੇ ਜਵਾਬ ਦਿੱਤਾ।

3. ਸ਼੍ਰੀ ਸੁਨੀਲ ਦੱਤੀ, ਐਮ.ਐਲ.ਏ ਦੁਆਰਾ ਅੰਮ੍ਰਿਤਸਰ ਵਿਖੇ ਸ਼ੁਰੂ ਕੀਤੇ ਗਏ ਬੀ.ਆਰ.ਟੀ.ਐਸ ਪ੍ਰਾਜੈਕਟ ਦੀ ਅਸਫਲਤਾ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 27)

ਵਿੱਤ ਮੰਤਰੀ ਨੇ ਜਵਾਬ ਦਿੱਤਾ।

5. **ਮੇਜ਼ ਤੇ ਮੁੜ ਰੱਖੇ ਗਏ/ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: III ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 4 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

6. **ਰਿਪੋਰਟ ਪੇਸ਼ ਕਰਨਾ**

ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਬਲਬੀਰ ਸਿੰਘ ਸਿੱਧੂ) ਨੇ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਕਮੇਟੀ ਦੀ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਰਿਪੋਰਟ ਸਾਲ 2012-13, 2013-14 ਅਤੇ 2014-15 ਦੇ ਵੱਖ-ਵੱਖ ਆਡਿਟ ਪੈਰ੍ਹਿਆਂ ਤੇ 16ਵੀਂ ਰਿਪੋਰਟ ਅਤੇ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਰਿਪੋਰਟ ਸਾਲ 2012-13, 2013-14 ਅਤੇ 2014-15 ਦੇ ਵੱਖ-ਵੱਖ ਆਡਿਟ ਪੈਰ੍ਹਿਆਂ ਤੇ 17ਵੀਂ ਰਿਪੋਰਟ ਪੇਸ਼ ਕੀਤੀ।

7. **ਵਾਕ ਆਊਟ**

ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਦਲਿਤਾਂ ਸੰਬੰਧੀ ਮੁੱਦਿਆਂ ਤੇ ਬਹਿਸ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

8. **ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਮੁੜ ਬਹਿਸ**

ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ ਜੋ ਕਿ ਮਾਨਯੋਗ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪੇਸ਼ ਕੀਤਾ ਗਿਆ ਅਤੇ ਜਿਸ ਦੀ ਮਾਨਯੋਗ ਮੈਂਬਰ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪ੍ਰੋੜ੍ਹਤਾ ਕੀਤੀ ਗਈ ਤੇ ਮੁੜ ਬਹਿਸ ਆਰੰਭ ਹੋਈ:-

ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:

> "ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 20 ਮਾਰਚ, 2018 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ"।

ਇਸ ਉਪਰੰਤ ਨਿਮਨਲਿਖਤ ਮੈਂਬਰਾਂ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸਰਦਾਰ ਹਰਮਿੰਦਰ ਸਿੰਘ ਗਿੱਲ, ਇੰਡੀਅਨ ਨੈਸ਼ਨਲ ਕਾਂਗਰਸ | 17 ਮਿੰਟ |
| 2. | ਸਰਦਾਰ ਬਲਬੀਰ ਸਿੰਘ ਸਿੱਧੂ, ਇੰਡੀਅਨ ਨੈਸ਼ਨਲ ਕਾਂਗਰਸ | 20 ਮਿੰਟ |
| 3. | ਸਰਦਾਰ ਕੁਲਜੀਤ ਸਿੰਘ ਨਾਗਰਾ, ਇੰਡੀਅਨ ਨੈਸ਼ਨਲ ਕਾਂਗਰਸ | 16 ਮਿੰਟ |
| 4. | ਸ਼੍ਰੀ ਸੋਮ ਪ੍ਰਕਾਸ਼, ਭਾਰਤੀ ਜਨਤਾ ਪਾਰਟੀ | 17 ਮਿੰਟ |
| 5. | ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਅਕਾਲੀ ਦਲ | 28 ਮਿੰਟ |
| 6. | ਸਰਦਾਰ ਹਰਵਿੰਦਰ ਸਿੰਘ ਫੂਲਕਾ, ਆਮ ਆਦਮੀ ਪਾਰਟੀ | 12 ਮਿੰਟ |
| 7. | ਸਰਦਾਰ ਪਰਗਟ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 18 ਮਿੰਟ |
| 8. | ਸਰਦਾਰ ਜਗਦੇਵ ਸਿੰਘ, ਆਮ ਆਦਮੀ ਪਾਰਟੀ | 05 ਮਿੰਟ |
| 9. | ਸਰਦਾਰ ਤਰਸੇਮ ਸਿੰਘ ਡੀ.ਸੀ, ਇੰਡੀਅਨ ਨੈਸ਼ਨਲ ਕਾਂਗਰਸ | 09 ਮਿੰਟ |
| 10. | ਸਰਦਾਰ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਨੇਤਾ | 38 ਮਿੰਟ |

9. **ਵਾਕ ਆਊਟ**

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬੋਲਣ ਲਈ ਵਾਧੂ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ  ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।

10. **ਸਦਨ ਦਾ ਸਮਾਂ ਵਧਾਉਣਾ**

ਮਾਨਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਪਹਿਲਾਂ ਅੱਜ ਦੀ ਬੈਠਕ ਦਾ ਸਮਾਂ 6.30 ਵਜੇ ਸ਼ਾਮ ਤੋਂ 7.00 ਵਜੇ ਸ਼ਾਮ ਤੱਕ (ਅੱਧੇ ਘੰਟੇ ਲਈ) ਅਤੇ ਬਾਅਦ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਭਾਸ਼ਣ ਸਮਾਪਤ ਹੋਣ ਤੱਕ ਵਧਾਇਆ ਗਿਆ।

ਮਾਨਯੋਗ ਡਿਪਟੀ ਸਪੀਕਰ ਨੇ 3.58 ਵਜੇ ਬਾਅਦ ਦੁਪਹਿਰ ਤੋਂ 5.57 ਵਜੇ ਸ਼ਾਮ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 27 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ
26 ਮਾਰਚ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।

" ਕਿ ਇਹ ਸਦਨ ਮਾਨਯੋਗ ਸੁਪਰੀਮ ਕੋਰਟ ਵਲੋਂ Scheduled Castes and Scheduled Tribes (Prevention of Atrocities) Act, 1989 ਸੰਬੰਧੀ ਦਿੱਤੇ ਫੈਸਲੇ ਅਧੀਨ ਜੋ ਐਸ.ਸੀ/ਐਸ.ਟੀ ਲੋਕਾਂ ਨੂੰ ਭਾਰਤ ਦੇ ਸੰਵਿਧਾਨ ਅਧੀਨ ਦਿੱਤੇ ਗਏ ਅਧਿਕਾਰਾਂ ਦੀ ਰਖਵਾਲੀ ਦਾ ਹਨਨ ਹੋਇਆ ਹੈ, ਕੇਂਦਰ ਸਰਕਾਰ ਵਲੋਂ ਇਸ ਐਕਟ ਸੰਬੰਧੀ ਮਾਨਯੋਗ ਸੁਪਰੀਮ ਕੋਰਟ ਵਿੱਚ ਸਹੀ ਪੈਰਵੀ ਨਾ ਕਰਨ ਲਈ ਘੋਰ ਨਿੰਦਾ ਕਰਦਾ ਹੈ ਅਤੇ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਵਲੋਂ ਜਾਂ ਤਾਂ ਇਸ ਫੈਸਲੇ ਵਿਰੁੱਧ ਸਹੀ ਤਰੀਕੇ ਨਾਲ ਪੈਰਵੀ ਕਰਕੇ ਇਸ ਫੈਸਲੇ ਨੂੰ ਰੱਦ ਕਰਵਾਉਣ ਲਈ ਅਪੀਲ ਕੀਤੀ ਜਾਵੇ ਜਾਂ Scheduled Castes and Scheduled Tribes (Prevention of Atrocities) Act, 1989 ਵਿੱਚ ਬਣਦੀ ਸੋਧਨਾ ਕੀਤੀ ਜਾਵੇ, ਤਾਂ ਕਿ ਐਸ.ਸੀ/ਐਸ.ਟੀ ਲੋਕਾਂ ਦੇ ਹੱਕ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਰਹਿਣ।"